# Visit of Minister of State for External Affairs, Smt. Meenakashi Lekhi to Colombia and New York (4-9 September 2021)

September 02, 2021

## ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਦਾ ਕੋਲੰਬੀਆ ਅਤੇ ਨਿਊ ਯਾਰਕ ਦਾ ਦੌਰਾ (4-9 ਸਤੰਬਰ 2021)

2 ਸਤੰਬਰ, 2021

1. ਵਿਦੇਸ਼ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ 4 - 9 ਸਤੰਬਰ 2021 ਤੱਕ ਕੋਲੰਬੀਆ ਅਤੇ ਨਿਊ ਯਾਰਕ ਦਾ ਅਧਿਕਾਰਤ ਦੌਰਾ ਕਰਣਗੇ। ਰਾਜ ਮੰਤਰੀ ਦੇ ਰੂਪ ਵਿੱਚ ਇਹ ਉਨ੍ਹਾਂ ਦਾ ਪਹਿਲਾ ਦੌਰਾ ਹੋਵੇਗਾ।

2. 4-6 ਸਤੰਬਰ ਤੱਕ ਕੋਲੰਬੀਆ ਦੀ ਆਪਣੀ ਯਾਤਰਾ ਦੌਰਾਨ ਰਾਜ ਮੰਤਰੀ ਕੋਲੰਬੀਆ ਦੇ ਸਿਖਰ ਆਗੂਆਂ ਨਾਲ ਮੁਲਾਕਾਤ ਕਰਣਗੇ ਅਤੇ ਕੋਲੰਬੀਆ ਦੀ ਉਪ-ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀ ਸ਼੍ਰੀਮਤੀ ਮਾਰਟਾ ਲੂਸੀਆ ਰਾਮਿਰੇਜ਼ ਨਾਲ ਦੁਵੱਲਾ ਵਿਚਾਰ ਵਟਾਂਦਰਾ ਕਰਣਗੇ ਅਤੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ - ਵਟਾਂਦਰੇ ਕਰਣਗੇ। ਉਹ ਪ੍ਰਮੁੱਖ ਭਾਰਤੀ ਅਤੇ ਕੋਲੰਬੀਆਈ ਕੰਪਨੀਆਂ ਅਤੇ ਦੇਸ਼ ਵਿੱਚ ਰਹਿ ਰਹੇ ਭਾਰਤੀ ਸਮੁਦਾਏ ਨਾਲ ਵੀ ਗੱਲਬਾਤ ਕਰਣਗੇ।

3. 2019 ਵਿੱਚ ਭਾਰਤ ਅਤੇ ਕੋਲੰਬੀਆ ਨੇ ਆਪਣੇ ਕੂਟਨੀਤਕ ਸਬੰਧਾਂ ਦੇ 60 ਸਾਲ ਪੂਰੇ ਹੋਣ ਦੇ ਜਸ਼ਨ ਮਨਾਏ ਸਨ। ਕੋਲੰਬੀਆ ਲਾਤੀਨੀ ਅਮਰੀਕਾ ਵਿੱਚ ਭਾਰਤ ਦਾ ਮਹੱਤਵਪੂਰਣ ਭਾਈਵਾਲ ਹੈ ਅਤੇ ਕੋਲੰਬੀਆ ਨਾਲ ਸਾਡੇ ਸਬੰਧ, ਖਾਸ ਕਰਕੇ ਆਰਥਿਕ ਅਤੇ ਵਪਾਰਕ ਖੇਤਰ ਵਿੱਚ, ਵਧ ਰਹੇ ਹਨ। ਸਾਲ 2020-21 ਅੰਦਰ ਕੋਲੰਬੀਆ ਨਾਲ ਦੁਵੱਲਾ ਵਪਾਰ 2.27 ਅਰਬ ਡਾਲਰ ਰਿਹਾ ਜੋ COVID -19 ਮਹਾਂਮਾਰੀ ਤੋਂ ਪੈਦਾ ਹੋਈਆਂ ਰੁਕਾਵਟਾਂ ਦੇ ਬਾਵਜੂਦ 2019-20 ਦੇ 1.85 ਅਰਬ ਡਾਲਰ ਦੇ ਅੰਕੜੇ ਤੋਂ ਕਾਫੀ ਜ਼ਿਆਦਾ ਹੈ।

4. ਵਿਦੇਸ਼ ਰਾਜ ਮੰਤਰੀ ਦੇ ਕੋਲੰਬੀਆ ਦੇ ਦੌਰੇ ਨਾਲ ਸਾਡੇ ਦੁਵੱਲੇ ਸਬੰਧਾਂ ਵਿੱਚ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਇਸ ਮਹੱਤਵਪੂਰਨ ਸਾਂਝੇਦਾਰੀ ਨੂੰ ਹੋਰ ਵਿਸਥਾਰ ਦੇਣ ਅਤੇ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ। ਭਾਰਤ ਵੱਲੋਂ ਪਿਛਲਾ ਮੰਤਰੀ ਪੱਧਰੀ ਦੌਰਾ ਅਕਤੂਬਰ 2018 ਵਿੱਚ ਹੋਇਆ ਸੀ, ਜਦੋਂ ਉਸ ਸਮੇਂ ਵਿਦੇਸ਼ ਰਾਜ ਮੰਤਰੀ ਜਨਰਲ (ਸੇਵਾਮੁਕਤ) ਵੀ. ਕੇ. ਸਿੰਘ ਨੇ ਕੋਲੰਬੀਆ ਦਾ ਅਧਿਕਾਰਤ ਦੌਰਾ ਕੀਤਾ ਸੀ।

5. 7-9 ਸਤੰਬਰ ਤੱਕ ਨਿਊ ਯਾਰਕ ਦੇ ਆਪਣੇ ਦੌਰੇ ਦੌਰਾਨ ਵਿਦੇਸ਼ ਰਾਜ ਮੰਤਰੀ 8 ਸਤੰਬਰ, 2021 ਨੂੰ ਆਇਰਿਸ਼ ਪ੍ਰਧਾਨਗੀ ਹੇਠ ਬੁਲਾਈ ਜਾਣ ਵਾਲੀ ਏਜੰਡਾ ਆਈਟਮ 'ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਆਪਰੇਸ਼ਨਜ਼' ਹੇਠ 'ਪਰਿਵਰਤਨ' ਵਿਸ਼ੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਖੁੱਲ੍ਹੀ ਮੰਤਰੀ ਪੱਧਰੀ ਬਹਿਸ ਵਿੱਚ ਭਾਰਤ ਦੀ ਨੁਮਾਇੰਦਗੀ ਕਰਣਗੇ। ਉਨ੍ਹਾਂ ਵੱਲੋਂ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਦੇ ਸਬੰਧ ਵਿੱਚ "ਆਜ਼ਾਦੀ ਕਾ ਅਮ੍ਰਿਤ ਮਹੋਤਸਵ" ਜਸ਼ਨਾਂ ਦੇ ਹਿੱਸੇ ਵਜੋਂ ਸੰਯੁਕਤ ਰਾਸ਼ਟਰ ਦੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰਨ ਅਤੇ ਨਿਊ ਯਾਰਕ ਵਿੱਚ ਭਾਰਤੀ ਸਮੁਦਾਏ ਨਾਲ ਗੱਲਬਾਤ ਕਰਨ ਦੀ ਉਮੀਦ ਹੈ।

ਨਵੀਂ ਦਿੱਲੀ

2 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.